# ਦਫਤਰ ਉਪ ਮੰਡਲ ਮੈਜਿਸਟਰੇਟ,ਨੰਗਲ

ਹੁਕਮ

ਸਿਵਲ ਸਰਜਨ ਰੂਪਨਗਰ ਵੱਲੋਂ ਆਪਣੇ ਦਫਤਰ ਦੇ ਪਿੱਠ ਅੰਕਣ ਨੰ. IDSP/2021/ ਮਿਤੀ 31.03-2021 ਰਾਹੀਂ ਸਬ ਡਵੀਜ਼ਨ, ਨੰਗਲ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਮੋਜੋਵਾਲ ਵਿੱਚ 5 ਤੋਂ ਵੱਧ ਵਿਅਕਤੀ ਕੋਰੋਨਾ ਵਾਇਰਸ ਬਿਮਾਰੀ ਕਾਰਨ Positive ਪਾਏ ਗਏ ਹਨ। ਇਸ ਲਈ ਕੋਰੋਨਾਵਾਇਰਸ ਬਿਮਾਰੀ ਦੀ ਗੰਭੀਰਤਾ, ਆਮ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਡਿਪਟੀ ਕਮਿਸ਼ਨਰ ਰੂਪਨਗਰ ਜੀ ਦੇ ਹੁਕਮਾਂ ਮੁਤਾਬਕ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ (ਹੈਲਥ 4 ਬਰਾਂਚ), ਪੰਜਾਬ ਦੇ ਪਿੱਠ ਅੰਕਣ ਨੰਬਰ Covid-19/NHM/1476 dt 18-06-2020 ਰਾਹੀਂ ਜਾਰੀ ਗਾਈਡਲਾਈਨਜ਼ ਮੁਤਾਬਕ <u>ਨਿਰਮਲ ਸਿੰਘ ਪੁੱਤਰ ਰੁਲੀਆ ਦੇ ਘਰ ਤੋਂ ਗਣਪਤ ਪੁੱਤਰ ਨੇਕ ਰਾਮ ਦੇ ਘਰ ਤੱਕ</u> **Opposite** <u>ਸਬ ਸੈਂਟਰ ਮੋਜੋਵਾਲ(ਹੈਲਥ) ਦੇ ਏਰੀਏ ਨੂੰ ਮਾਈਕਰੋ ਕੰਨਟੇਨਮੈਂਟ ਜ਼ੋਨ ਘੋਸ਼ਿਤ ਕਰਦੇ ਹੋਏ ਮੁਕੰਮਲ ਤੌਰ ਤੇ ਮਿਤੀ 1-04-2021 ਤੋਂ ਮਿਤੀ 10-04-2021 ਤੱਕ ਸੀਲ ਕੀਤਾ ਜਾਂਦਾ ਹੈ।</u>ਸੀਲ ਕੀਤੇ ਗਏ ਏਰੀਏ ਵਿੱਚ ਕੇਵਲ ਮੈਡੀਕਲ ਸਟੋਰ ਅਤੇ ਕਰਿਆਨਾ ਅਤੇ ਦੁੱਧ ਦੀਆਂ ਦੁਕਾਨਾਂ ਨੂੰ ਸਵੇਰੇ 08.00 ਵਜੇ ਦੁਪਹਿਰ 12.00 ਵਜੇ ਤੱਕ ਹੋਮ ਡਲਿਵਰੀ ਕਰਨ ਦੀ ਹੀ ਇਜ਼ਾਜਤ ਦਿੱਤੀ ਜਾਂਦੀ ਹੈ। ਮਾਈਕਰੋ ਕੰਟੇਨਮੈਂਟ ਜ਼ੋਨ ਵਿੱਚੋਂ ਕਿਸੇ ਨੂੰ ਵੀ ਬਾਹਰ ਆਉਣ ਜਾਣ ਦੀ ਇਜ਼ਾਜ਼ਤ ਨਹੀਂ ਹੋਵੇਗੀ, ਕੇਵਲ ਗੰਭੀਰ ਮੈਡੀਕਲ ਕੇਸ ਪੜਤਾਲ ਤੋਂ ਬਾਅਦ ਵਿੱਚ ਹੀ ਕੰਟੇਨਮੈਂਟ ਜ਼ੋਨ ਤੋਂ ਬਾਹਰ ਆਉਣ ਜਾਣ ਦੀ ਇਜ਼ਾਜ਼ਤ ਹੋਵੇਗੀ ਅਤੇ ਹਰ ਆਉਣ ਜਾਣ ਵਾਲੇ ਦਾ ਰਿਕਾਰਡ ਰੱਖਿਆ ਜਾਵੇਗਾ।

ਇਨ੍ਹਾਂ ਸੀਲ ਕੀਤੇ ਗਏ ਏਰੀਏ ਵਿੱਚ ਲੋੜੀਂਦੇ ਪ੍ਰਬੰਧਾਂ ਲਈ ਹੇਠ ਲਿਖੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਡਿਊਟੀਆਂ ਮਿਤੀ 1.04.2021 ਤੋਂ ਅਗਲੇ ਹੁਕਮਾਂ ਤੱਕ ਲਗਾਈ ਜਾਂਦੀ ਹੈ।

| ਲੜੀ ਨੰ. | ਅਧਿਕਾਰੀ ਦਾ ਨਾਮ/ਅਹੁੱਦਾ | ਡਿਊਟੀ ਦਾ ਵੇਰਵਾ |
|---|---|---|
| 1 | ਉਪ ਪੁਲਿਸ ਕਪਤਾਨ,ਨੰਗਲ।<br>(ਰਾਹੀਂ ਸੀਨੀਅਰ ਪੁਲਿਸ ਕਪਤਾਨ,ਰੂਪਨਗਰ) | 1) ਭਾਰਤ ਸਰਕਾਰ ਵੱਲੋਂ ਜਾਰੀ Containment Plan Covid-19 ਲਾਗੂ ਕਰਵਾਉਣ ਲਈ ਉਕਤ ਮਾਈਕਰੋ ਕੰਨਟੇਨਮੈਂਟ ਜ਼ੋਨ ਵਿਖੇ ਲੋੜੀਂਦੇ ਸੁਰੱਖਿਆ ਪ੍ਰਬੰਧ ਮੁਹੱਈਆ ਕਰਵਾਉਣਗੇ।<br>2) ਉਕਤ ਏਰੀਏ ਨੂੰ ਆਉਣ ਵਾਲੇ ਸਾਰੇ ਰਸਤਿਆਂ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਜਾਵੇ।<br>3) ਉਕਤ ਏਰੀਆ ਵਿੱਚ ਕਿਸੇ ਵੀ ਵਿਅਕਤੀ ਨੂੰ ਨਿਮਨ ਹਸਤਾਖਰ ਦੀ ਪ੍ਰਵਾਨਗੀ ਲੈਣ ਉਪਰੰਤ ਹੀ ਆਉਣ ਜਾਂ ਜਾਣ ਦਿੱਤਾ ਜਾਵੇ।<br>4) ਉਕਤ ਏਰੀਏ ਵਿੱਚ 24 ਘੰਟੇ ਨਾਕਾਬੰਦੀ ਕੀਤੀ ਜਾਵੇ।<br>5). ਕਿਸੇ ਵੀ ਵਿਅਕਤੀ ਨੂੰ ਏਰੀਏ ਤੋਂ ਬਾਹਰ ਨਾ ਜਾਣ ਦਿੱਤਾ ਜਾਵੇ।<br>6) ਸੀਲ ਕੀਤੇ ਏਰੀਏ ਨੂੰ ਜਾਣ ਵਾਲੇ ਜਾਂ ਆਉਣ ਵਾਲੇ ਵਿਅਕਤੀਆਂ ਦੀ ਤਫਤੀਸ਼ ਕਰਨ ਲਈ ਟੀਮ ਲਗਾਈ ਜਾਵੇ ਅਤੇ ਟੀਮ ਦੀ ਤਫਤੀਸ਼ ਉਪਰੰਤ ਸਬੰਧਤ ਵਿਅਕਤੀ ਦੀ ਮੈਡੀਕਲ ਟੀਮ ਪਾਸੋਂ ਜਾਂਚ ਕਰਵਾਈ ਜਾਵੇ।<br>7) ਸਿਵਲ ਸਰਜਨ,ਰੂਪਨਗਰ ਦੁਆਰਾ ਲਾਈ ਗਈ ਆਰ. ਆਰ.ਟੀ. ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ। |
| 2 | ਸਿਵਲ ਸਰਜ਼ਨ, ਰੂਪਨਗਰ। | 1) ਭਾਰਤ ਸਰਕਾਰ ਵਲੋਂ ਜਾਰੀ Containment Plan Covid-19 ਦੀ ਪਾਲਣਾ ਕਰਵਾਉਣ ਦੇ ਓਵਰ ਆਲ ਇੰਚਾਰਜ਼ ਹੋਣਗੇ।<br>2) ਮੈਡੀਕਲ ਟੀਮ ਵੱਲੋਂ ਹਾਊਸ ਟੂ ਹਾਊਸ ਸਰਵੇ ਕਰਕੇ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਉਕਤ ਏਰੀਏ ਵਿੱਚ ਕੋਈ ਵਿਅਕਤੀ ਕੋਰੋਨਾਵਾਇਰਸ ਬਿਮਾਰੀ ਕਾਰਨ Positive ਤਾਂ ਨਹੀਂ ਹੈ?<br>3) ਜੇਕਰ ਉਕਤ ਏਰੀਏ ਵਿੱਚ ਕੋਈ ਵੀ ਸਿਮਟੋਮੈਟਿਕ ਕੇਸ ਪਾਇਆ ਜਾਂਦਾ ਹੈ ਤਾਂ ਉਸਨੂੰ ਤੁਰੰਤ ਜਿਲ੍ਹਾ ਹਸਪਤਾਲ ਵਿਖੇ ਰੈਫਰ ਕੀਤਾ ਜਾਵੇ।<br>4) ਉਕਤ ਏਰੀਏ ਵਿੱਚ ਡਿਊਟੀ ਤੇ ਤਾਇਨਾਤ ਸਾਰੇ ਵਿਭਾਗਾਂ ਦੇ ਕਰਮਚਾਰੀਆਂ ਨੂੰ ਮਾਸਕ ਗਲੱਬਸ ਤੇ ਸੈਨੀਟਾਈਜ਼ਰ ਮੁਹੱਈਆ ਕਰਵਾਏ ਜਾਣ।<br>5) <u>ਉਕਤ ਏਰੀਆ ਵਿੱਚ ਹਾਊਸ ਟੂ ਹਾਊਸ ਸਰਵੇ ਦੌਰਾਨ</u><br>i) ਜਿਹੜੇ ਵਿਅਕਤੀ 60 ਸਾਲਾ ਤੋਂ ਉਪਰ ਹਨ<br>ii) ਜਿਹੜੇ ਵਿਅਕਤੀ CO-MORBID ਕੰਡੀਸ਼ਨ ਵਿੱਚ ਹੋਣ<br>iii) ਉਹ ਲੋਕ ਜਿਹੜੇ ਉਕਤ ਏਰੀਏ ਵਿੱਚ ਪਿਛਲੇ 15 ਦਿਨਾਂ ਵਿੱਚ ਜਾ ਕੇ ਆਏ ਹਨ, ਉਨ੍ਹਾਂ ਦੀ ਲਿਸਟ ਤਿਆਰ ਕਰਨ ਉਪਰੰਤ ਉਨ੍ਹਾਂ ਨੂੰ 14 ਦਿਨਾਂ ਲਈ ਹੋਮ ਕੋਆਰਨਟੀਨ ਵਿੱਚ ਰੱਖਣ ਦੇ ਆਦੇਸ਼ ਦਿੱਤੇ ਜਾਣ ਅਤੇ ਸਬੰਧਤ |

| | | |
|---|---|---|
| | | ਕਲੱਸਟਰ ਅਫਸਰ ਨਾਲ ਤਾਲਮੇਲ ਕੀਤਾ ਜਾਵੇ।<br>iv) ਜਿਹੜੇ ਵਿਅਕਤੀ Positive ਆਏ ਹਨ ਉਨ੍ਹਾਂ ਦੇ ਸੰਪਰਕ ਵਿੱਚ ਜੋ ਵਿਅਕਤੀ ਆਏ ਹਨ, ਉਨ੍ਹਾਂ ਸਬੰਧੀ ਡੀ.ਐਸ.ਪੀ ਨੰਗਲ ਨਾਲ ਤਾਲਮੇਲ ਕਰਕੇ ਕਾਲ ਟਰੇਸਿੰਗ ਕਰਨ ਉਪਰੰਤ ਹੈਲਥ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। |
| 3 | 1. ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਸ੍ਰੀ ਅਨੰਦਪੁਰ ਸਾਹਿਬ। | ਸੀਲ ਕੀਤੇ ਏਰੀਏ ਵਿੱਚ ਸਪਰੇਅ ਕਰਵਾਉਣ ਲਈ ਜਿੰਮੇਵਾਰ ਹੋਣਗੇ। ਇਨ੍ਹਾਂ ਖੇਤਰਾਂ ਵਿੱਚੋਂ ਜੋ ਵਾਹਨ ਨਿਮਨ-ਹਸਤਾਖਰ ਦੀ ਪ੍ਰਵਾਨਗੀ ਨਾਲ ਬਾਹਰ ਜਾਣਗੇ ਜਾਂ ਵਾਪਿਸ ਵਿੱਚ ਆਉਣਗੇ ਤਾਂ ਉਨ੍ਹਾਂ ਵਹੀਕਲਾਂ ਨੂੰ 1% Sodium hypochlorite ਨਾਲ ਸੈਨੀਟਾਈਜ਼ ਕਰਵਾਉਣ ਲਈ ਜਿਮੇਵਾਰ ਹੋਣਗੇ। ਇਸ ਤੋਂ ਇਲਾਵਾ ਉਕਤ ਏਰੀਏ ਨੂੰ ਪੂਰੀ ਤਰ੍ਹਾਂ ਸੈਨੀਟਾਈਜ਼ ਕਰਨਾ ਯਕੀਨੀ ਬਣਾਇਆ ਜਾਵੇ। |
| 4 | 1. ਉਪ ਮੰਡਲ ਇੰਜੀਨੀਅਰ, ਲੋਕ ਨਿਰਮਾਣ ਵਿਭਾਗ, ਸ੍ਰੀ ਅਨੰਦਪੁਰ ਸਾਹਿਬ<br>2. ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਸ੍ਰੀ ਅਨੰਦਪੁਰ ਸਾਹਿਬ | ਭਾਰਤ ਸਰਕਾਰ ਵੱਲੋਂ ਜਾਰੀ Containment Plan Covid-19 ਦੀ ਪਾਲਣਾ ਵਿੱਚ ਉਕਤ ਖੇਤਰ ਨੂੰ ਪੂਰੀ ਤਰ੍ਹਾਂ ਸੀਲ ਕਰਨ ਲਈ ਬੈਰੀਕੇਡਿੰਗ ਆਦਿ ਦਾ ਕੰਮ ਕਰਵਾਉਣ ਲਈ ਜਿੰਮੇਵਾਰ ਹੋਣਗੇ। |
| 5 | ਉਪ ਮੰਡਲ ਅਫਸਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਨੰਗਲ (98780-37897) | ਉਕਤ ਸਾਰੇ ਖੇਤਰਾਂ ਵਿੱਚ ਪਾਣੀ ਦੀ ਨਿਰਵਿਘਨ ਸਪਲਾਈ ਕਰਵਾਉਣ ਲਈ ਜਿੰਮੇਵਾਰ ਹੋਣਗੇ। |
| 6 | ਉਪ ਮੰਡਲ ਅਫਸਰ ਪੀ.ਐਸ.ਪੀ.ਸੀ.ਐਲ. ਨੰਗਲ (9646131657) | ਉਕਤ ਸਾਰੇ ਖੇਤਰਾਂ ਵਿੱਚ ਬਿਜਲੀ ਦੀ ਨਿਰਵਿਘਨ ਸਪਲਾਈ ਚਾਲੂ ਰੱਖਣ ਲਈ ਜਿੰਮੇਵਾਰ ਹੋਣਗੇ। |
| 7 | 1) ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਰੂਪਨਗਰ | 1. ਉਕਤ ਏਰੀਏ ਵਿੱਚ ਜਰੂਰੀ ਸਮਾਨ ਜਿਵੇਂ ਕਿ ਰਾਸ਼ਨ, ਗੈਸ ਆਦਿ ਦੀ ਸਪਲਾਈ ਦੀ ਹੋਮ ਡਲਿਵਰੀ ਕਰਵਾਉਣ ਲਈ ਡੀ.ਐਫ.ਐਸ.ਈ. ਰੂਪਨਗਰ ਓਵਰ ਆਲ ਇੰਚਾਰਜ਼ ਹੋਣਗੇ। ਜੇਕਰ ਇਸ ਦੌਰਾਨ ਕਿਸੇ ਵੀ ਏਰੀਏ ਵਿੱਚ ਜੇਕਰ ਰਾਸ਼ਨ ਆਦਿ ਦੀ ਸਮੱਸਿਆ ਆਉਂਦੀ ਹੈ ਤਾਂ ਉਸ ਸਮੱਸਿਆ ਨੂੰ ਮੌਕੇ ਤੇ ਹੀ ਨਜਿੱਠਣਗੇ। |
| | 2) ਜਿਲ੍ਹਾ ਮੰਡੀ ਅਫਸਰ, ਰੂਪਨਗਰ। | 2. ਉਕਤ ਏਰੀਏ ਵਿੱਚ ਫਲ੍ਹਾਂ, ਸਬਜੀਆਂ ਆਦਿ ਅਤੇ ਹੋਰ ਜਰੂਰੀ ਵਸਤੂਆਂ ਦੀ ਹੋਮ ਡਲਿਵਰੀ ਕਰਵਾਉਣ ਲਈ ਜਿੰਮੇਵਾਰ ਹੋਣਗੇ। |
| 8 | ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ, ਰੂਪਨਗਰ। | ਉਕਤ ਏਰੀਏ ਵਿੱਚ ਦੁੱਧ ਆਦਿ ਦੀ ਨਿਰਵਿਘਨ ਹੋਮ ਡਲਿਵਰੀ ਕਰਨ ਲਈ ਜਿੰਮੇਵਾਰ ਹੋਣਗੇ। |
| 6 | ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸ੍ਰੀ ਅਨੰਦਪੁਰ ਸਾਹਿਬ। | ਇਹ ਅਧਿਕਾਰੀ ਸੀਲ ਕੀਤੇ ਏਰੀਏ ਦੀ ਨਿਗਰਾਨੀ ਰੱਖਣ ਦੇ ਜਿਮੇਵਾਰ ਹੋਣਗੇ ਅਤੇ ਇਸ ਸਬੰਧੀ ਤਹਿਸੀਲਦਾਰ, ਨੰਗਲ ਨੂੰ ਰਿਪੋਰਟ ਕਰਨਗੇ। |
| 10 | ਵੈਟਨਰੀ ਅਫਸਰ ਸਿਵਲ ਵੈਟਨਰੀ ਹਸਪਤਾਲ, ਸ੍ਰੀ ਅਨੰਦਪੁਰ ਸਾਹਿਬ। ਸ੍ਰੀ ਗੌਰਵ ਪੁਰੀ (7009862509) | ਉਕਤ ਏਰੀਏ ਵਿੱਚ ਪਸ਼ੂ ਧੰਨ ਦੀ ਦੇਖਭਾਲ/ਸਾਂਭ ਸੰਭਾਲ ਅਤੇ ਇਲਾਜ ਲਈ ਜਿੰਮੇਵਾਰ ਹੋਣਗੇ। |
| 11 | ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਰੂਪਨਗਰ | ਜੇਕਰ ਉਕਤ ਏਰੀਏ ਵਿੱਚ ਪਸ਼ੂਆਂ ਲਈ ਫੀਡ ਸਬੰਧੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਫੀਡ/ ਚਾਰਾ ਆਦਿ ਮੁਹੱਈਆ ਕਰਵਾਉਣ ਲਈ ਜਿੰਮੇਵਾਰ ਹੋਣਗੇ। |

ਨੋਟ:- ਉਕਤ ਡਿਊਟੀਆਂ ਮਿਤੀ 1.04.2021 ਤੋਂ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੀਆ।

ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਨੂੰ **National Diasaster Management Act.** 2005 ਅਤੇ **Epidemic disease Act 1987** ਅਧੀਨ ਦੋ ਸਾਲ ਦੀ ਸਜਾ ਅਤੇ ਜੁਰਮਾਨਾ ਜਾਂ ਦੋਨੋ ਹੋ ਸਕਦੇ ਹਨ।

ਉਪ ਮੰਡਲ ਮੈਜਿਸਟਰੇਟ,
ਨੰਗਲ।

ਪਿੱਠ ਅੰਕਣ ਨੰ.....1-16............/ਐਮ.ਸੀ.2 ਮਿਤੀ.1.04.2021

ਇਸਦਾ ਇੱਕ ਉਤਾਰਾ ਸੇਵਾ ਵਿਖੇ :-

1. ਡਿਪਟੀ ਕਮਿਸ਼ਨਰ,ਰੂਪਨਗਰ।
2. ਸੀਨੀਅਰ ਪੁਲਿਸ ਕਪਤਾਨ,ਰੂਪਨਗਰ।
3. ਸਿਵਲ ਸਰਜ਼ਨ,ਰੂਪਨਗਰ।
4. ਉਪ ਕਪਤਾਨ ਪੁਲਿਸ, ਨੰਗਲ।
5. ਤਹਿਸੀਲਦਾਰ,ਨੰਗਲ।
6. ਡਿਪਟੀ ਰਜਿਸਟਰਾਰ,ਸਹਿਕਾਰੀ ਸਭਾਵਾਂ,ਰੂਪਨਗਰ।
7. ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ,ਸ੍ਰੀ ਅਨੰਦਪੁਰ ਸਾਹਿਬ।
8. ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ,ਰੂਪਨਗਰ।
9. ਕਾਰਜਕਾਰੀ ਇੰਜੀਨੀਅਰ,ਉਸਾਰੀ ਮੰਡਲ,ਰੂਪਨਗਰ।
10. ਕਾਰਜਕਾਰੀ ਇੰਜੀਨੀਅਰ, ਪੀ.ਐਸ.ਪੀ.ਸੀ.ਐਲ. ਨੰਗਲ।
11. ਉਪ ਮੰਡਲ ਅਫਸਰ,ਵਾਟਰ ਸਪਲਾਈ ਅਤੇ ਸੈਨੀਟੇਸ਼ਨ (ਰੂਰਲ),ਨੰਗਲ।
12. ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਸ੍ਰੀ ਅਨੰਦਪੁਰ ਸਾਹਿਬ।।
13. ਜਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰ, ਰੂਪਨਗਰ।
14. ਜਿਲ੍ਹਾ ਮੰਡੀ ਅਫਸਰ, ਰੂਪਨਗਰ।
15. ਸਕੱਤਰ, ਮਾਰਕੀਟ ਕਮੇਟੀ, ਸ੍ਰੀ ਅਨੰਦਪੁਰ ਸਾਹਿਬ।
16. ਸੀਨੀਅਰ ਵੈਟਨਰੀ ਅਫਸਰ, ਸ੍ਰੀ ਅਨੰਦਪੁਰ ਸਾਹਿਬ।

ਨੂੰ ਸੂਚਨਾਂ ਤੇ ਤੁਰੰਤ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਮੰਡਲ ਮੈਜਿਸਟਰੇਟ,
ਨੰਗਲ।

# OFFICE OF CIVIL SURGEON RUPNAGAR

No. IDSP/2021/

Date: 31.03.21

**Subject-** **Notification regarding Micro Containment Zone, Vill.Mojowal Teh Nangal , Distt. Rupnagar.**

In Accordance with order of Govt. of Punjab, Department of Health and Family Welfare (Heath IV branch) released vide Endst. No. COVID-19 -NHM/1476 Date 18.6.2020 where by Strandard operating procedure for Micro Containment Zone stand enunciated, **Vill.Mojowal Teh Nangal , Distt. Rupnagar** (Area MAP attached) as subject cited deserves being declared micro containment zone as More than 5 positive cases have been reported on 31.03.2021.

The Matter Stands shared digitally with the prescribed District Technical Committee for this purpose. The matter has been also discussed with Dr. Bhaskar State Programme officer Punjab, COVID-19.

This is for you kind information, concurrence and passing necessary directions to the concerned SDM please.

Ld. Deputy Commissioner
Rupangar

for Immediate orders
31/3

SDM Nangal

Civil Surgeon
Rupnagar


Houses – 42
Containment Zone Village
Under HWC,